# ਸਿੱਖਣ ਪਰਿਣਾਮ ਅਧਾਰਿਤ ਅਭਿਆਸ ਪ੍ਰਸ਼ਨਾਂ ਦੀ ਵਰਕਸ਼ੀਟ (ਜੂਨ)

**ਜਮਾਤ- ਪੰਜਵੀਂ** **ਵਿਸ਼ਾ- ਪੰਜਾਬੀ**

1. **'ਸਿਆਣੀ ਗੱਲ'** ਪਾਠ ਦੀ ਵੰਨਗੀ ਕਿਹੜੀ ਹੈ ?

   1. ਲੇਖ 2. ਕਹਾਣੀ 3. ਕਵਿਤਾ 4. ਜੀਵਨੀ

2. **'ਤਾਕ ਵਿੱਚ ਰਹਿਣਾ'** ਮੁਹਾਵਰੇ ਦਾ ਸਹੀ ਅਰਥ ਕਿਹੜਾ ਹੋਵੇਗਾ ?

   1. ਤਾਕੀ ਵਿੱਚ ਰਹਿਣਾ 2. ਭੱਜ ਜਾਣ ਲਈ ਤਿਆਰ ਰਹਿਣਾ
   3. ਦਾਅ ਲਾਉਣ ਲਈ ਤਿਆਰ ਰਹਿਣਾ 4. ਲੜਨ ਲਈ ਤਿਆਰ ਰਹਿਣਾ

3. ਹੇਠ ਲਿਖਿਆਂ ਵਿੱਚੋਂ ਅਸ਼ੁੱਧ ਸ਼ਬਦ ਕਿਹੜਾ ਹੈ ?

   1. ਗੱਭਰੂ 2. ਪਸਤੌਲ 3.ਨਜ਼ਾਰੇ 4. ਭੂਗੋਲਿਕ

4.ਹੇਠ ਲਿਖਿਆਂ ਵਿੱਚੋਂ ਕਿਹੜਾ ਕਥਨ ਸਹੀ ਹੈ ?

   1. ਸ਼ਹੀਦ ਊਧਮ ਸਿੰਘ ਸਕੂਲ ਦੇ ਇੱਕ ਚੌਕੀਦਾਰ ਦਾ ਪੁੱਤਰ ਸੀ।
   2. ਸ਼ਹੀਦ ਊਧਮ ਸਿੰਘ ਕਰਤਾਰ ਸਿੰਘ ਸਰਾਭਾ ਨੂੰ ਆਪਣਾ ਗੁਰੂ ਮੰਨਦਾ ਸੀ।
   3. ਸ਼ਹੀਦ ਊਧਮ ਸਿੰਘ ਨੂੰ ਜਲ੍ਹਿਆਂਵਾਲ਼ੇ ਬਾਗ਼ ਦੇ ਸਾਕੇ ਦੇ 13 ਸਾਲਾਂ ਪਿੱਛੋਂ ਕਸ਼ਮੀਰ ਵਿੱਚ ਵੇਖਿਆ ਗਿਆ।
   4. ਸ਼ਹੀਦ ਊਧਮ ਸਿੰਘ ਨੇ ਮਾਈਕਲ ਓਡਵਾਇਰ ਨੂੰ ਚਾਕੂ ਨਾਲ਼ ਮਾਰਿਆ ਸੀ।

5.ਹੇਠ ਲਿਖਿਆਂ ਵਿੱਚੋਂ ਕਿਹੜਾ ਪਾਠ ਇੱਕ **'ਜੀਵਨੀ'** ਹੈ ?

   1. ਗਤਕਾ 2. ਸ਼ਹੀਦ ਊਧਮ ਸਿੰਘ 3. ਬਾਰਾਂਮਾਹਾ 4. ਸਿਆਣੀ ਗੱਲ

6.ਹੇਠ ਲਿਖਿਆਂ ਵਿੱਚੋਂ **'ਜ਼ਮੀਨ'** ਕਿਸ ਸ਼ਬਦ ਦਾ ਸਮਾਨਾਰਥਕ ਹੈ ?

   1. ਫਰੀ 2. ਜੌਹਰ 3.ਥਲ 4. ਨੇਕ

7.ਹੇਠ ਲਿਖਿਆਂ ਵਿੱਚੋਂ ਸ਼ੁੱਧ ਸ਼ਬਦ ਕਿਹੜਾ ਹੈ ?

   1. ਸਖਲਾਈ 2. ਸਾਵਣ 3.ਦਿਸੰਬਰ 4. ਜਾਇਜ

**8. 'ਵਿਸਾਖ ਵਿਸਾਖੀ ਨ੍ਹਾਉਂਦੇ ਹਾਂ'..................................**

   ਉਪਰੋਕਤ ਸਤਰ ਨੂੰ ਪੂਰਾ ਕਰੋ।
   1. ਮੇਲਾ ਵੇਖ ਕੇ ਆਉਂਦੇ ਹਾਂ।
   2. ਮੇਲਾ ਵੇਖਣ ਜਾਂਦੇ ਹਾਂ।
   3. ਫ਼ਸਲਾਂ ਘਰ ਵਿੱਚ ਲਿਆਉਂਦੇ ਹਾਂ।
   4. ਦਾਣੇ ਘਰ ਵਿੱਚ ਲਿਆਉਂਦੇ ਹਾਂ।

9. **'ਆਓ ਰਲ਼-ਮਿਲ਼ ਰੁੱਖ ਲਗਾਈਏ'** ਦੇ ਲੇਖਕ ਕੌਣ ਹਨ ?

1. ਪ੍ਰਿੰ. ਸਰਵਣ ਸਿੰਘ    2. ਜਸਵੀਰ ਸਿੰਘ ਲੰਗੜੋਆ
3. ਮਹਿੰਦਰ ਸਿੰਘ ਮਾਨੂੰਪੁਰੀ    4. ਪ੍ਰੋ. ਜੋਗਾ ਸਿੰਘ

10.ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਬਦ ਸ਼ੁੱਧ ਹੈ ?

1. ਊਦਮ ਸਿੰਘ    2. ਉਲਜਣ    3.ਸਹਿਮ    4. ਪ੍ਰਦੂਸਣ

11.**'ਹਰ ਗੱਲ ਦਾ ਕਿਸੇ ਠੀਕ ਸਮੇਂ ਮੁੱਲ ਪੈਂਦਾ ਹੈ।'** ਇਹ ਵਾਕ ਕਿਸ ਪਾਠ ਵਿੱਚੋਂ ਲਿਆ ਗਿਆ ਹੈ ?

1. ਗਤਕਾ    2. ਸਿਆਣੀ ਗੱਲ    3. ਬਾਰਾਂਮਾਹਾ    4. ਮੇਰਾ ਹਿੰਦੁਸਤਾਨ

12.ਹੇਠ ਲਖਿਆਂ ਵਿੱਚੋਂ ਕਿਹੜਾ ਕਥਨ ਸਹੀ ਹੈ ?

1. ਸਾਰੇ ਬੱਚਿਆਂ ਨੂੰ ਰੋਜ਼ ਸਕੂਲ ਜਾਣ ਦੀ ਲੋੜ ਨਹੀਂ ਹੈ।
2. ਲੰਘਿਆ ਵੇਲ਼ਾ ਰੋਜ਼ ਆਉਂਦਾ ਹੈ।
3. ਰੁੱਖ ਪ੍ਰਦੂਸ਼ਣ ਨੂੰ ਵਧਾਉਂਦੇ ਹਨ।
4. ਪੜ੍ਹਾਈ ਦਾ ਹਮੇਸ਼ਾਂ ਮੁੱਲ ਪੈਂਦਾ ਹੈ।

# ਸਿੱਖਣ ਪਰਿਣਾਮ ਅਧਾਰਿਤ ਅਭਿਆਸ ਪ੍ਰਸ਼ਨਾਂ ਦੇ ਉੱਤਰ (ਜੂਨ)

**ਜਮਾਤ- ਪੰਜਵੀ** **ਵਿਸ਼ਾ- ਪੰਜਾਬੀ**

1. 2
2. 3
3. 2
4. 3
5. 2
6. 3
7. 2
8. 4
9. 2
10. 3
11. 2
12. 4